# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਸਅਸ ਨਗਰ, ਪੰਜਾਬ

## ਅਮਲਾ-3 ਸਾਖਾ

ਵੱਲ

ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ/ ਐ.ਸਿੱ),
ਪੰਜਾਬ।

ਮੀਮੋ ਨੰ 12/42-2017 ਅਮਲਾ 3 (2)/201886326-334

ਮਿਤੀ:29.11.2018

**ਵਿਸ਼ਾ: ਰੈਸ਼ਨੇਲਾਇਜੇਸ਼ਨ ਪਾਲਿਸੀ 2018-19 ਵਿੱਚ ਸ਼ੋਧ ਸਰਨ ਸਬੰਧੀ।**

**ਹਵਾਲਾ:** ਇਸ ਦਫਤਰ ਦਾ ਪੱਤਰ ਨੰ 12/42-2017ਅਮਲਾ 3 (2)/201838076-201838125, ਮਿਤੀ 24.08.2018 ਰਾਹੀਂ ਅਤੇ ਪੱਤਰ ਨੰ 12/42-2017 ਅਮਲਾ3 (2)/201839114-58, ਮਿਤੀ 29.08.2018 ਨੂੰ ਜਾਰੀ ਕੀਤੀ ਪਾਲਿਸੀ ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਕੀਤੀ ਗਈ ਰੈਸ਼ਨੇਲਾਜਿਸ਼ਨ ਪਾਲਿਸੀ ਵਿੱਚ ਹੇਠ ਲਿਖੇ ਅਨੁਸਾਰ ਸ਼ੋਧ ਕੀਤੀ ਜਾਂਦੀ ਹੈ:

**ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਲਈ**

| ਮੱਦ ਨੰ | ਮੌਜੂਦਾ ਫੈਸਲਾ | ਸ਼ੋਧ ਕਰਨ ਉਪਰੰਤ ਫੈਸਲਾ |
|---|---|---|
| 2 | ਵਿਦਿਆਰਥੀਆਂ ਦੀ ਗਿਣਤੀ ਨੂੰ ਆਧਾਰ ਮੰਨ ਕੇ ਜੇਕਰ ਸਕੂਲ ਵਿੱਚ ਖਾਲੀ ਜਾਂ ਭਰੀ ਆਸਾਮੀ ਵਾਧੂ/ ਸਰਪਲੱਸ ਹੈ ਤਾਂ ਸਕੂਲ ਵਿੱਚ **ਲੰਮੀ** ਠਹਿਰ ਵਾਲੇ ਅਧਿਆਪਕ ਨੂੰ ਸ਼ਿਫਟ ਕੀਤਾ ਜਾਵੇਗਾ। ਪਰੰਤੂ ਮਿਤੀ 30.09.2017 ਤੋਂ ਬਾਅਦ ਜੇਕਰ ਆਪਸੀ ਬਦਲੀ ਕਰਵਾਕੇ ਸਕੂਲ ਵਿੱਚ ਕੋਈ ਅਧਿਆਪਕ ਹਾਜਰ ਹੋਇਆ ਹੋਵੇ ਤਾਂ ਉਸ ਵਿਸ਼ੇ ਦੇ ਲੰਮੀ ਠਹਿਰ ਵਾਲੇ ਅਧਿਆਪਕ ਦੀ ਥਾਂ ਤੇ ਪਹਿਲਾਂ ਅਜਿਹੇ ਅਧਿਆਪਕ ਨੂੰ ਸ਼ਿਫਟ ਕੀਤਾ ਜਾਵੇਗਾ। ਜੇਕਰ ਕਿਸੇ ਸਕੂਲ ਵਿੱਚ ਕਿਸੇ ਇੱਕ ਵਿਸ਼ੇ ਦੇ ਇੱਕ ਤੋਂ ਵੱਧ ਅਧਿਆਪਕ ਹਨ ਅਤੇ ਕੋਈ ਕਰਮਚਾਰੀ ਆਪਣੀ ਮਰਜ਼ੀ ਅਨੁਸਾਰ ਸ਼ਿਫਟ ਹੋਣਾ ਚਾਹੁੰਦਾ ਹੈ ਤਾਂ ਉਸ ਤੋਂ ਇਸ ਸਬੰਧੀ ਲਿਖਤੀ ਤੌਰ 'ਤੇ ਲਿਆ ਜਾਵੇਗਾ। | ਵਿਦਿਆਰਥੀਆਂ ਦੀ ਗਿਣਤੀ ਨੂੰ ਆਧਾਰ ਮੰਨ ਕੇ ਜੇਕਰ ਸਕੂਲ ਵਿੱਚ ਭਰੀ ਆਸਾਮੀ ਵਾਧੂ/ ਸਰਪਲੱਸ ਹੈ ਤਾਂ ਸਕੂਲ ਵਿੱਚ ਜੇਕਰ ਸਸਅ/ ਰਮਸਾ ਅਧੀਨ ਕੋਈ ਅਧਿਆਪਕ ਕੰਮ ਕਰ ਰਹੇ ਹਨ ਤਾਂ ਪਹਿਲਾਂ ਸਸਅ/ ਰਮਸਾ ਅਧੀਨ ਕੰਮ ਕਰ ਰਹੇ ਲੰਮੀ ਠਹਿਰ ਵਾਲੇ ਅਧਿਆਪਕ ਨੂੰ ਸ਼ਿਫਟ ਕੀਤਾ ਜਾਵੇਗਾ। ਜੇਕਰ ਕਿਸੇ ਸਕੂਲ ਵਿੱਚ ਕਿਸੇ ਇੱਕ ਵਿਸ਼ੇ ਦੇ ਇੱਕ ਤੋਂ ਵੱਧ ਅਧਿਆਪਕ ਹਨ ਅਤੇ ਕੋਈ ਕਰਮਚਾਰੀ ਆਪਣੀ ਮਰਜ਼ੀ ਅਨੁਸਾਰ ਸ਼ਿਫਟ ਹੋਣਾ ਚਾਹੁੰਦਾ ਹੈ ਤਾਂ ਉਸ ਤੋਂ ਇਸ ਸਬੰਧੀ ਲਿਖਤੀ ਤੌਰ 'ਤੇ ਲਿਆ ਜਾਵੇਗਾ।<br>ਜੇਕਰ ਸਕੂਲ ਵਿੱਚ ਸਸਅ/ ਰਮਸਾ ਦਾ ਕੋਈ ਅਧਿਆਪਕ ਨਹੀਂ ਤਾਂ ਪਹਿਲਾਂ ਵਾਲਾ ਫੈਸਲਾ ਹੀ ਲਾਗੂ ਹੋਵੇਗਾ। |
| 6 | ਸਿਰਫ਼ ਰੈਸ਼ਨਲਾਈਜ਼ੇਸ਼ਨ ਕਰਨ ਦੇ ਮਕਸਦ ਨਾਲ ਸਰਕਾਰੀ ਸਕੂਲਾਂ/ SSA/ RMSA/ ਅਧੀਨ ਚਲਾਏ ਰਹੇ ਸਕੂਲਾਂ ਅਤੇ ਵਿਭਾਗੀ/ SSA/ RMSA/PICTES ਅਧੀਨ ਭਰਤੀ ਹੋਏ ਅਧਿਆਪਕਾਂ ਦੀ ਤਾਇਨਾਤੀ ਸਮੇਂ ਕੋਈ ਵੀ ਵਖਰੇਵਾਂ ਨਹੀਂ ਰੱਖਿਆ ਜਾਵੇਗਾ।ਇਸ ਤੋਂ ਇਲਾਵਾ ਕਿਸੇ ਸਕੂਲ ਵਿੱਚ ਅਸਾਮੀ ਵਾਧੂ ਹੋਣ ਤੇ ਕਰਮਚਾਰੀ ਨੂੰ ਸਰਕਾਰ ਵੱਲੋਂ RMSA ਅਧੀਨ ਚਲਾਏ ਜਾ ਰਹੇ ਮਾਡਲ ਸਕੂਲਾਂ ਅਤੇ RMSA ਰਾਹੀਂ ਚਲਾਏ ਜਾ ਰਹੇ 6 ਆਦਰਸ਼ ਸਕੂਲਾਂ ਜਿਨ੍ਹਾਂ ਦੀ 100% ਫ਼ੰਡਿੰਗ ਪੀ ਈ ਡੀ ਬੀ ਵੱਲੋਂ ਕੀਤੀ ਜਾਂਦੀ ਹੈ, ਲਈ ਵੀ ਵਿਚਾਰਿਆ ਜਾ ਸਕਦਾ ਹੈ।ਕਿਉਂ ਜੋ ਮਾਡਲ ਅਤੇ ਆਦਰਸ਼ ਸਕੂਲਾਂ ਵਿੱਚ ਸੀ ਬੀ ਐਸ ਈ ਦਾ ਸਿਲੇਬਸ ਤੇ ਅੰਗਰੇਜ਼ੀ ਮਾਧਿਅਮ ਲਾਗੂ ਹੈ, ਇਸ ਲਈ ਇਹਨਾਂ ਸਕੂਲਾਂ ਵਿੱਚ ਜਾਣ ਲਈ ਚਾਹਵਾਨ/ | ਇਹ ਮੱਦ ਹਟਾਈ ਜਾਂਦੀ ਹੈ। |

| | | |
|---|---|---|
| | ਸ਼ਿਫ਼ਟ ਕੀਤੇ ਜਾਣ ਵਾਲੇ ਕਰਮਚਾਰੀਆਂ ਦੀ ਇੰਟਰਵਿਊ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਵੱਲੋਂ ਕੀਤੀ ਜਾਵੇਗੀ। | |

**ਪ੍ਰਾਇਮਰੀ ਸਕੂਲਾਂ ਲਈ ਰੈਸ਼ਨੇਲਾਇਜੇਸ਼ਨ ਪਾਲਿਸੀ 2018-19**

| ਮੱਦ ਨੰ | ਮੌਜੂਦਾ ਫੈਸਲਾ | ਸ਼ੋਧ ਕਰਨ ਉਪਰੰਤ ਫੈਸਲਾ |
|---|---|---|
| 4 | ਰੈਸ਼ਨੇਲਾਈਜ਼ੇਸ਼ਨ ਕਰਦੇ ਸਮੇਂ ਵਿਦਿਆਰਥੀਆਂ ਦੀ ਗਿਣਤੀ ਨੂੰ ਆਧਾਰ ਮੰਨ ਕੇ ਜੇਕਰ ਸਕੂਲ ਵਿੱਚ ਖਾਲੀ ਜਾਂ ਭਰੀ ਆਸਾਮੀ ਵਾਧੂ/ ਸਰਪਲੱਸ ਹੈ ਤਾਂ ਸਕੂਲ ਵਿੱਚ ਪਹਿਲਾ ਖਾਲੀ ਅਸਾਮੀ ਨੂੰ ਅਤੇ ਫਿਰ ਲੰਬੀ ਠਹਿਰ ਵਾਲੇ ਅਧਿਆਪਕ ਨੂੰ ਸ਼ਿਫ਼ਟ ਕੀਤਾ ਜਾਵੇਗਾ ਅਤੇ ਜੇਕਰ ਕੋਈ ਕਰਮਚਾਰੀ ਆਪਣੀ ਮਰਜ਼ੀ ਅਨੁਸਾਰ ਸ਼ਿਫ਼ਟ ਹੋਣਾ ਚਾਹੁੰਦਾ ਹੈ ਤਾਂ ਉਸ ਤੋਂ ਇਸ ਸਬੰਧੀ ਲਿਖਤੀ ਆਪਸ਼ਨ ਲਈ ਜਾਵੇਗੀ। | ਵਿਦਿਆਰਥੀਆਂ ਦੀ ਗਿਣਤੀ ਨੂੰ ਆਧਾਰ ਮੰਨ ਕੇ ਜੇਕਰ ਸਕੂਲ ਵਿੱਚ ਭਰੀ ਆਸਾਮੀ ਵਾਧੂ/ ਸਰਪਲੱਸ ਹੈ ਤਾਂ ਸਕੂਲ ਵਿੱਚ ਜੇਕਰ ਸਸਅ/ ਰਮਸਾ ਅਧੀਨ ਕੋਈ ਅਧਿਆਪਕ ਕੰਮ ਕਰ ਰਹੇ ਹਨ ਤਾਂ ਪਹਿਲਾਂ ਸਸਅ/ ਰਮਸਾ ਅਧੀਨ ਕੰਮ ਕਰ ਰਹੇ ਲੰਮੀ ਠਹਿਰ ਵਾਲੇ ਅਧਿਆਪਕ ਨੂੰ ਸ਼ਿਫ਼ਟ ਕੀਤਾ ਜਾਵੇਗਾ। ਜੇਕਰ ਸਕੂਲ ਵਿੱਚ ਅਧਿਆਪਕ ਦੀ ਕੋਈ ਅਸਾਮੀ ਸਰਪਲੱਸ ਹੈ ਅਤੇ ਕੋਈ ਕਰਮਚਾਰੀ ਆਪਣੀ ਮਰਜ਼ੀ ਅਨੁਸਾਰ ਸ਼ਿਫ਼ਟ ਹੋਣਾ ਚਾਹੁੰਦਾ ਹੈ ਤਾਂ ਉਸ ਤੋਂ ਇਸ ਸਬੰਧੀ ਲਿਖਤੀ ਤੌਰ 'ਤੇ ਲਿਆ ਜਾਵੇਗਾ। ਜੇਕਰ ਸਕੂਲ ਵਿੱਚ ਸਸਅ/ ਰਮਸਾ ਦਾ ਕੋਈ ਅਧਿਆਪਕ ਨਹੀਂ ਤਾਂ ਪਹਿਲਾਂ ਵਾਲਾ ਫੈਸਲਾ ਹੀ ਲਾਗੂ ਹੋਵੇਗਾ। |

ਨੋਟ:

1. ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿੱਖਿਆ-7 ਸ਼ਾਖਾ) ਦੇ ਪੱਤਰ ਨੰ 1/62/12-3ਸਿੱ7/1330634/1, ਮਿਤੀ 09.10.2018 ਅਨੁਸਾਰ ਸਰਵ ਸਿੱਖਿਆ ਅਭਿਆਨ ਅਤੇ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ (ਆਦਰਸ਼ ਅਤੇ ਮਾਡਲ ਸਕੂਲਾਂ ਸਮੇਤ) ਅਧੀਨ ਕੰਮ ਕਰ ਰਹੇ ਜੋ ਅਧਿਆਪਕ ਰੈਗੂਲਰ ਹੋਣ ਦੀ ਆਪਸ਼ਨ ਦੇਣ ਉਪਰੰਤ ਸਿੱਖਿਆ ਵਿਭਾਗ ਅਧੀਨ ਨਿਯੁਕਤੀ ਪੱਤਰ ਲੈ ਚੁੱਕੇ ਹਨ ਨੂੰ ਸਿੱਖਿਆ ਵਿਭਾਗ ਦਾ ਅਧਿਆਪਕ ਮੰਨਿਆ ਜਾਵੇਗਾ।
2. ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿੱਖਿਆ-6 ਸ਼ਾਖਾ) ਦੇ ਪੱਤਰ ਨੰ **11/145/2018/1edu6/1363135**, ਮਿਤੀ 29.11.2018 ਅਨੁਸਾਰ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਧੀਨ ਚੱਲ ਰਹੇ ਆਦਰਸ਼ ਅਤੇ ਮਾਡਲ ਸਕੂਲ ਸਿੱਖਿਆ ਵਿਭਾਗ ਅਧੀਨ ਮਰਜ ਕੀਤੇ ਜਾ ਚੁੱਕੇ ਹਨ।

ਰੈਸ਼ਨੇਲਾਇਜੇਸ਼ਨ ਪਾਲਿਸੀ 2018-19 ਲਾਗੂ ਕਰਦੇ ਸਮੇਂ ਉਪਰੋਕਤ ਕੀਤੀ ਗਈ ਸ਼ੋਧ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।

ਪਿੱਠ ਅੰਕਣ ਨੰ: ਉੱਕਤ

ਮਿਤੀ:

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:

1. ਨਿੱਜੀ ਸਕੱਤਰ, ਮਾਨਯੋਗ ਸਿੱਖਿਆ ਮੰਤਰੀ, ਪੰਜਾਬ।
2. ਨਿੱਜੀ ਸਕੱਤਰ, ਸਕੱਤਰ ਸਕੂਲ ਸਿੱਖਿਆ, ਪੰਜਾਬ ਸਰਕਾਰ।
3. ਨਿੱਜੀ ਸਕੱਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
4. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ।
5. ਡਾਇਰੈਕਟਰ, ਐਸ.ਸੀ.ਈ.ਆਰ.ਟੀ, ਪੰਜਾਬ।
6. ਸਮੂਹ ਸਕੂਲ ਮੁੱਖੀ, ਪੰਜਾਬ।
7. ਡਿਪਟੀ ਮੈਨੇਜਰ (ਐਮ.ਆਈ.ਐਸ) ਨੂੰ ਵਿਭਾਗ ਦੀ ਵੈਬ ਸਾਇਟ ਤੇ ਅਪਲੋਡ ਕਰਨ ਸਬੰਧੀ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।